# ਮੁਲਾਜ਼ਮਾਂ ਵੱਲੋਂ ਗੇਟ ਰੈਲੀ

ਸੰਗਰੂਰ, 5 ਮਾਰਚ (ਛਾਜਲੀ)-ਭਾਰਤੀ ਖਾਦ ਨਿਗਮ ਕਰਮਚਾਰੀ ਸੰਘ ਅਤੇ ਜਥੇਬੰਦੀ ਐੱਫ ਸੀ ਆਈ ਕਲਾਸ ਫੌਰ ਇੰਪਲਾਈਜ਼ ਯੂਨੀਅਨ ਨੇ ਸਾਂਝੇ ਤੌਰ 'ਤੇ ਰਾਸ਼ਟਰੀ ਪੱਧਰ 'ਤੇ ਮੁਲਾਜ਼ਮਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਕੀਤੇ ਸੰਘਰਸ਼ ਦੇ ਐਲਾਨ ਦੇ ਪੜਾਅ ਵਜੋਂ ਅੱਜ ਜ਼ਿਲ੍ਹਾ ਸੰਗਰੂਰ ਐੱਫ ਸੀ ਆਈ ਜਿੱਥੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਰਾਸ਼ਟਰੀ ਪ੍ਰਧਾਨ ਸ੍ਰੀ ਐੱਸ ਐੱਸ ਚੱਠਾ ਨੇ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਵੇਜ ਦਾ ਮੁੱਦਾ ਜਲਦੀ ਸੈਟਲ ਕੀਤਾ ਜਾਵੇਗਾ। ਜਿੰਨਾਂ ਮੁਲਾਜ਼ਮਾਂ ਦੀ ਡਿਊਟੀ ਦੌਰਾਨ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਪਰਿਵਾਰਾਂ ਦੇ ਇੱਕ ਮੈਂਬਰ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਦਿੱਤੀ ਜਾਵੇ,ਸ੍ਰੀ ਮਾਗੇ ਰਾਮ, ਐਡੀਸ਼ਨਲ ਜ਼ਿਲ੍ਹਾ ਸਕੱਤਰ ਅਤੇ ਸ੍ਰੀ ਗੋਬਿੰਦ ਸਿੰਘ ਸੀਨੀਅਰ ਵਾਈਸ ਪ੍ਰਧਾਨ ਬੀ ਕੇ ਐੱਨ ਕੇ ਸੰਘ ਜ਼ਿਲ੍ਹਾ ਸੰਗਰੂਰ, ਕੀਰਤ ਸਿੰਘ, ਪਿਆਰਾ ਸਿੰਘ, ਨਰੇਸ਼ ਕੁਮਾਰ ਨੇ ਸੰਬੋਧਨ ਕੀਤਾ।

# ਸਰਨਾ ਪੰਥ ਦਾ ਸਭ ਤੋਂ ਵੱਡਾ ਦੁਸ਼ਮਣ-ਪ੍ਰਵਾਸੀ ਸਿੱਖ

ਜਰਮਨੀ, 5 ਮਾਰਚ (ਅ.ਬ.) ਦਿੱਲੀ ਵਿੱਚ ਸਿੱਖੀ ਭੇਸ ਵਿੱਚ ਲੁਕੇ ਬੈਠੈ ਸਰਨਾ ਭਰਾਵਾਂ ਨੇ ਸਿੱਖ ਪੰਥ ਦਾ ਹੁਣ ਤੱਕ ਸਭ ਤੋ ਵੱਧ ਨੁਕਸਾਨ ਕੀਤਾ ਹੈ। ਸਮੂਹ ਪੰਥਕ ਜੱਥੇਬੰਦੀਆ ਅਤੇ ਸਿੱਖ ਕੌਮ ਇਸ ਗੱਲ ਤੋ ਭਲੀ ਭਾਂਤ ਜਾਣੂ ਹਨ। ਸਮੂਹ ਸਿੱਖ ਸੰਪਰਦਾਵਾਂ ਅਤੇ ਸਿੱਖ ਜੱਥੇਬੰਦੀਆ ਨੂੰ ਸਰਨਾ ਭਰਾਵਾਂ ਤੋ ਸੁਚੇਤ ਰਹਿਣਾ ਬਹੁਤ ਹੀ ਜਰੂਰੀ ਹੈ। ਇਹ ਗੱਲ ਕੁੱਝ ਦਿਨ ਪਹਿਲਾਂ ਫਿਰ ਦੁਬਾਰਾ ਜੱਗ ਜਾਹਿਰ ਹੋ ਗਈ ਜਦੋ ਪ੍ਰਮਜੀਤ ਸਿੰਘ ਸਰਨੇ ਨੇ ਆਪਣੇ ਜਰਮਨ (ਫਰੈਂਕਫਰਟ) ਦੇ ਟਰੇਡ ਫੇਅਰ (ਸਨਅਤੀ ਮੇਲੇ) ਦੀ ਫੇਰੀ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਅਤੇ ਜਰਮਨ ਦੀਆ ਸਮੂਹ ਸਿੱਖ ਜੱਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਵੀ ਫਰੈਂਕਫਰਟ ਵਿਖੇ ਆਪਣੇ ਰਹਾਇਸ਼ੀ ਹੋਟਲ ਕਾਂਟੀਨੈਂਟਲ ਦੇ ਕਮਰਾ ਨੰਬਰ 930 ਦੇ ਵਿੱਚ ਬੈਠ ਕੇ ਸਿੱਖਾਂ ਦੇ ਖਿਲਾਫ ਰੱਜ ਕੇ ਜਹਿਰ ਉਗਲਿਆ ਅਤੇ ਬਾਹਰ ਜੁੱਤੀਆਂ ਸਮੇਤ ਖੜ੍ਹਾ ਹੋ ਕੇ ਪੁਰਾਣਾ ਨਾਨਕਸ਼ਾਹੀ ਕੈਲੰਡਰ ਅਤੇ ਜੰਤਰੀ ਜਾਰੀ ਕੀਤੀ। ਜੋ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋ ਰੱਦ ਕੀਤੇ ਗਏ ਹਨ। ਇਹ ਕੋਈ ਨਵੀ ਗੱਲ ਨਹੀ ਸਰਨੇ ਨੇ ਸ਼ੁਰੂ ਤੋ ਹੀ ਕਾਂਗਰਸ ਦੇ ਇਸ਼ਾਰੇ ਤੇ ਸਿੱਖੀ ਦਾ ਨੁਕਸਾਨ ਕਰਨ ਦੀ ਕੋਈ ਕਸਰ ਨਹੀ ਛੱਡੀ। ਸਰਨਾ ਨੇ ਦਿੱਲੀ ਦੰਗਿਆਂ ਦੇ ਖਿਲਾਫ 25 ਸਾਲ ਬੀਤ ਜਾਣ ਦੇ ਬਾਵਜੂਦ ਵੀ ਅੱਜ ਤੱਕ ਇਕ ਵੀ ਸ਼ਬਦ ਨਹੀ ਬੋਲਿਆ। ਜਦ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਨੇ ਇੰਡੀਆ ਦੀ ਪਾਰਲੀਮੈਂਟ ਵਿਚ 1984 ਦੇ ਦਿੱਲੀ ਦੰਗਿਆ ਦੇ ਖਿਲਾਫ ਜੋਰਦਾਰ ਅਵਾਜ ਉਠਾਈ ਜਿਸ ਨਾਲ ਕਿ ਅੱਜ ਦੋਸ਼ੀਆ ਦੇ ਖਿਲਾਫ ਕੇਸ ਚਾਲੂ ਹੋ ਗਏ ਹਨ। ਇਸ ਦੇ ਉਲਟ ਸਰਨੇ ਨੇ ਦਿੱਲੀ ਦੰਗਿਆ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਦਾ ਸਨਮਾਨ ਕਰਕੇ ਸਿੱਖ ਕੌਮ ਅਤੇ ਵਿਧਵਾਵਾਂ ਦੇ ਜਖਮਾਂ ਉੱਪਰ ਲੂਣ ਛਿੜਕਿਆ। ਜਦ ਕਿ ਸਮੁੱਚਾ ਸਿੱਖ ਪੰਥ ਇਕੱਤਰ ਹੋ ਕੇ ਇਹਨਾਂ ਦੋਸ਼ੀਆ ਦੇ ਖਿਲਾਫ ਸੰਘਰਸ਼ ਕਰ ਰਿਹਾ ਹੈ ਤੇ ਸਰਨਾਂ ਇਹਨਾਂ ਦੋਸ਼ੀਆਂ ਦੀ ਬੁੱਕਲ ਵਿੱਚ ਬੈਠ ਕੇ ਨਿੱਘ ਮਾਣ ਰਿਹਾ ਹੈ। ਦਿੱਲੀ ਦੰਗਿਆ ਤੋ ਪ੍ਰਭਾਵਿਤ ਵਿਧਵਾਵਾਂ ਜੋ ਦਿੱਲੀ ਗੁਰੂਘਰਾਂ ਵਿੱਚ ਸਰਨ ਲੈਕੇ ਬੈਠੀਆਂ ਸਨ ਉਹਨਾਂ ਨੂੰ ਇਸੇ ਸਰਨੇ ਨੇ ਗੁਰੂਘਰਾਂ ਚੋ ਬਾਹਰ ਕੱਢਿਆ ਅਤੇ ਸਿੱਖ ਪੰਥ ਨਾਲ ਇੱਕ ਹੋਰ ਗਦਾਰੀ ਕੀਤੀ। ਇੱਥੇ ਹੀ ਬੱਸ ਨਹੀ ਦਿੱਲੀ ਦੰਗਿਆਂ ਦੇ ਦੋਸ਼ੀਆ ਦੇ ਖਿਲਾਫ ਜੋ ਗਵਾਹ ਸਨ ਉਹਨਾਂ ਨੂੰ ਡਰਾ ਧਮਕਾ ਕੇ ਜਲੀਲ ਕੀਤਾ ਅਤੇ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਵਰਗਿਆਂ ਦੇ ਖਿਲਾਫ ਅਗਵਾਹੀ ਦੇਣ ਤੋ ਰੋਕਿਆ। ਪੰਜਾਬ ਦੇ ਕਾਲੇ ਦਿਨਾਂ ਵਿੱਚ ਜੋ ਲੋਕ ਪੰਜਾਬ ਅੰਦਰ ਸਿੱਖੀ ਦਾ ਘਾਣ ਕਰ ਰਹੇ ਸਨ ਅਤੇ ਆਪਣੇ ਅਖਬਾਰਾਂ ਰਾਹੀ ਅਖਬਾਰ ਦੇ ਕਰਤਾ ਧਰਤਾ ਲਾਲਾ ਜਗਤ ਨਰਾਇਣ ਨੇ ਗੁਰੂ ਸਾਹਿਬਾਂ ਦੀ ਗੁਰਬਾਣੀ ਦੀ ਨਿੰਦਿਆ ਕੀਤੀ ਅਤੇ ਸਿੱਖਾਂ ਦੀਆਂ ਧਾਰਮਿਕ ਸ਼ਖਸੀਅਤਾਂ ਦੇ ਖਿਲਾਫ ਵੀ ਭੰਡੀ ਪ੍ਰਚਾਰ ਕੀਤਾ ਅਤੇ 1978 ਵਿੱਚ ਨਰਕਧਾਰੀ ਗੁਰਬਚਨੇ ਦਾ ਸਾਥ ਵੀ ਦਿੱਤਾ ਅਤੇ ਜਿਸ ਨੇ ਪੰਜਾਬ ਦੇ ਲੋਕਾਂ ਵਿੱਚ ਸਿੱਖੀ ਤੇ ਸਿੱਖਾਂ ਖਿਲਾਫ ਜਹਿਰ ਘੋਲਿਆ, ਸਰਨੇ ਨੇ ਉਸ ਦੇ ਪੁੱਤਰ ਰਮੇਸ਼ ਨੂੰ ਪੰਜਾਬ ਦਾ ਸਪੂਤ ਦਾ ਖਿਤਾਬ ਦਿੱਤਾ ਤੇ ਉਸ ਦੇ ਪੋਤਰੇ ਅਸ਼ਵਨੀ ਨੂੰ ਗੁਰੂਦੁਆਰਾ ਰਕਾਬਗੰਜ ਸਾਹਿਬ ਦਿੱਲੀ ਵਿਖੇ ਸ੍ਰੀ ਸਾਹਿਬ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਤ ਕਰਕੇ ਸਿੱਖਾਂ ਦੇ ਜਖਮਾਂ ਉੱਪਰ ਲੂਣ ਛਿੜਕਿਆਂ। ਇਸ ਤੋ ਹੋਰ ਵੱਡੀ ਗਦਾਰੀ ਸਿੱਖ ਕੌਮ ਨਾਲ ਸਰਨੇ ਵੱਲੋ ਕੀ ਹੋ ਸਕਦੀ ਹੈ। ਇਹ ਗੁਰੂ ਕੀ ਗੋਲਕ ਨੂੰ ਸਿਰਫ ਸਿੱਖੀ ਨੂੰ ਹੀ ਖਤਮ ਕਰਨ ਲਈ ਹੀ ਵਰਤ ਰਿਹਾ ਹੈ। ਸਰਨਾ ਹੀ ਰਾਗੀ ਦਰਸ਼ਨ ਸਿੰਘ ਨੂੰ 2007 ਵਿੱਚ ਸ੍ਰੀ ਹਜੂਰ ਸਾਹਿਬ ਲੈਕੇ ਗਿਆ ਅਤੇ ਇਥੇ ਹੀ ਬੱਸ ਨਹੀ ਪਿਛਲੇ ਸਮੇ ਅੰਦਰ ਸਰਨੇ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਵੀ ਚਣੌਤੀ ਦਿੱਤੀ ਅਤੇ ਦਰਸ਼ਨ ਸਿੰਘ ਰਾਗੀ ਨੂੰ ਪੰਜ ਸਿੰਘ ਸਹਿਬਾਨਾਂ ਦੇ ਸਾਹਮਣੇ ਪੇਸ਼ ਨਾਂ ਹੋਣ ਦਿੱਤਾ ਬਲਕਿ ਆਪਣੀ ਇੱਕ ਗੁੰਡਿਆ ਦੀ ਫੌਜ ਦੀ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾਖਲ ਹੋਏ। ਜਿਸ ਸਦਕਾ ਸਿੱਖ ਕੌਮ ਵਿੱਚ ਭਾਰੀ ਸੰਕਟ ਪੈਦਾ ਹੋ ਗਿਆ ਹੈ। ਇਹ ਰਾਗੀ ਦਰਸ਼ਨ ਸਿੰਘ ਝੂਠਾ ਹੀ ਪ੍ਰੋਫੈਸਰ ਬਣਿਆ ਹੋਇਆ ਹੈ ਜਦਕਿ ਇਸ ਦੇ ਕੋਲ ਪ੍ਰੋਫੈਸਰ ਦੀ ਕੋਈ ਡਿਗਰੀ ਹੀ ਨਹੀ ਹੈ। ਪੰਜਾਬ ਅੰਦਰ ਸਰਨੇ ਦਾ ਕੋਈ ਅਧਾਰ ਨਹੀ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਕਾਂਗਰਸ ਦੇ ਇਸ਼ਾਰੇ ਤੇ ਸਿੱਖਾਂ ਵਿੱਚ ਵੱਧ ਤੋ ਵੱਧ ਫੁੱਟ ਪਾਉਣ ਲਈ ਪੱਬਾਂ ਭਾਰ ਹੋ ਰਿਹਾ ਹੈ। ਜਿਸ ਤੋ ਸਿੱਖ ਪੰਥ ਭਲੀ ਭਾਂਤ ਜਾਣੂ ਹਨ। ਇਹ ਦਿੱਲੀ ਵਿੱਚ ਸਿੱਖਾਂ ਦੀ ਅਗਵਾਈ ਕਰਨ ਦੇ ਝੂਠੇ ਬਿਆਨ ਦਾਗਣ ਤੋ ਪਰਹੇਜ ਨਹੀ ਕਰ ਰਿਹਾ ਪਰ ਸਿੱਖ ਮਰਿਯਾਦਾ ਤੋ ਸਰਨਾ ਕੋਹਾਂ ਮੀਲ ਦੂਰ ਹੈ। ਜੇਕਰ ਸਰਨਾ ਪੰਥਕ ਹੈ ਤਾਂ ਵਿਦੇਸ਼ਾਂ ਵਿੱਚ ਜਾਕੇ ਸਰਨੇ ਨੂੰ ਹੋਟਲਾਂ ਵਿੱਚ ਬੈਠ ਕੇ ਸਿੱਖਾਂ ਖਿਲਾਫ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਖਿਲਾਫ ਜਹਿਰ ਨਹੀ ਉੱਗਲਨਾਂ ਚਾਹੀਦਾ। ਦਿੱਲੀ ਦੰਗਿਆਂ ਦੇ ਦੋਸ਼ੀਆਂ ਖਿਲਾਫ ਡਟ ਕੇ ਖੜਨਾ ਚਾਹੀਦਾ ਹੈ ਅਤੇ ਉਹਨਾਂ ਨਾਲ ਰੋਟੀ ਬੇਟੀ ਦੀ ਸਾਂਝ ਨਹੀ ਰੱਖਣੀ ਚਾਹੀਦੀ। ਅਸੀ ਸਮੂਹ ਸਿੱਖ ਜੱਥੇਬੰਦੀਆਂ, ਸੰਪਰਦਾਵਾਂ ਅਤੇ ਸਿੱਖਾਂ ਨੂੰ ਪੁਰਜੋਰ ਅਪੀਲ ਕਰਦੇ ਹਾਂ ਕਿ ਸਰਨਾਂ ਸਿੱਖੀ ਸਰੂਪ ਵਿੱਚ ਵਿਚਰ ਕੇ ਸਿੱਖ ਵਿਰੋਧੀ ਏਜੰਸੀਆ ਦੇ ਇਸ਼ਾਰੇ ਤੇ ਸਿੱਖੀ ਨੂੰ ਢਾਹ ਲਾ ਰਿਹਾ ਹੈ ਅਤੇ ਇਸ ਨੂੰ ਮੂੰਹ ਨਾ ਲਾਉਣ। ਆਪਣੇ ਆਪ ਨੂੰ ਪੰਥਕ ਦੱਸ ਕੇ ਸਿੱਖੀ ਦੀਆ ਜੜ੍ਹਾਂ ਖੋਖਲੀਆ ਕਰ ਰਿਹਾ ਹੈ। ਪੰਜਾਬ ਅੰਦਰ ਸਮੂਹ ਸਿੱਖ ਸੰਪਰਦਾਵਾਂ ਅਤੇ ਸਿੱਖ ਇਸ ਦਾ ਬਾਈਕਾਟ ਕਰ ਚੁੱਕੇ ਹਨ। ਇਸ ਲਈ ਵਿਦੇਸ਼ਾਂ ਵਿੱਚ ਵਸੇ ਸਮੂਹ ਭਾਈਚਾਰੇ ਨੂੰ ਪੁਰਜੋਰ ਅਪੀਲ ਹੈ ਕਿ ਇਸ ਸਿੱਖ ਕੌਮ ਦੇ ਦੋਖੀ ਨੂੰ ਮੂਹ ਨਾ ਲਾਉਣ। ਸਿੱਖੀ ਭੇਸ ਵਿੱਚ ਬੈਠੇ ਸਰਨੇ ਵਰਗੇ ਪੰਥਕ ਗਦਾਰਾਂ ਦੀ ਪਹਿਚਾਣ ਕਰਨ ਕਿਉਕਿ ਇਸ ਨੇ ਹੁਣ ਹੀ ਨਹੀ ਬਲਕਿ ਪਹਿਲਾਂ ਵੀ ਸਿੱਖਾਂ ਵਿੱਚ ਦੁਬਿਦਾ ਪੈਦਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਸਰਨੇ ਨੇ 10- 11 ਅਪਰੈਲ 2010 ਨੂੰ ਦਿੱਲੀ ਵਿੱਚ ਵਿਸ਼ਵ ਸਿੱਖ ਕਨਵੈਂਸ਼ਨ ਰੱਖੀ ਹੋਈ ਹੈ ਜਿਸ ਦਾ ਮੁੱਖ ਮੁੱਦਾ ਸਿਰਫ ਤੇ ਸਿਰਫ ਸਿੱਖੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਢਾਹ ਲਾਉਣਾ ਹੀ ਹੈ। ਸਰਨੇ ਦੀਆ ਕਰਤੂਤਾਂ ਹੇਠ ਵਾਲੇ ਯੁਟਿਊਬ ਦੇ ਲਿੰਕ ਤੇ ਦੇਖੀਆਂ ਜਾ ਸਕਦੀਆ ਹਨ।

# ਨਵੇਂ ਰਾਸ਼ਨ ਕਾਰਡ ਤੁਰੰਤ ਬਣਾਏ ਜਾਣ

ਨਵਾਂ ਸ਼ਹਿਰ, 5 ਮਾਰਚ (ਗੁਰਜੀਤ ਸਿੰਘ)-ਕਾਮਰੇਡ ਬਲਦੇਵ ਸਿੰਘ ਲੱਧੜ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵਾਂ ਸ਼ਹਿਰ ਵਿੱਚ ਬਹੁਤ ਸਾਰੇ ਕੁਝ ਇਹੋ ਇਹੇ ਵਿਅਕਤੀ ਵੀ ਹਨ, ਜਿਨ੍ਹਾਂ ਦੇ ਮਹਿਕਮੇ ਵੱਲੋਂ ਤਕਰੀਬਨ 10 ਸਾਲਾਂ ਤੋਂ ਅਜੇ ਤੱਕ ਰਾਸ਼ਨ ਕਾਰਡ ਨਹੀਂ ਬਣਾਏ ਗਏ। ਕਾਮਰੇਡ ਬਲਦੇਵ ਸਿੰਘ ਲੱਧੜ ਨੇ ਇਹ ਵੀ ਦੱਸਿਆ ਕਿ ਰਾਸ਼ਨ ਕਾਰਡ ਹੋਲਡਰਾਂ ਵੱਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਲਈ ਪੂਰੇ ਕਾਗਜ਼ਾਤ ਲੋੜੀਂਦੀ ਫਾਇਲਾਂ ਬਗੈਰਾ ਮੁਕੰਮਲ ਕਰਕੇ ਸੰਬੰਧਤ ਮਹਿਕਮੇ ਨੂੰ ਭੇਜੀਆਂ ਗਈਆਂ ਹਨ। ਜਦੋਂ ਇਸ ਉਕਤ ਸੰਬੰਧੀ ਦਫਤਰੀ ਮੁਲਾਜ਼ਮਾਂ, ਅਧਿਕਾਰੀਆਂ ਨੂੰ ਪੁੱਛਿਆ ਜਾਂਦਾ ਹੈ ਤਾਂ ਅੱਗੋਂ ਇਹ ਕਹਿ ਕੇ ਪੱਲਾ ਛੁਡਾ ਲੈਂਦੇ ਹਨ ਕਿ ਦਫਤਰ ਵਿੱਚ ਪੂਰਾ ਸਟਾਫ ਨਹੀਂ ਹੈ। ਪ੍ਰੰਤੂ ਰਾਸ਼ਨ ਪੁਰਾਣੇ ਹੀ ਰਾਸ਼ਨ ਕਾਰਡਾਂ 'ਤੇ ਮਿਲ ਰਿਹਾ ਹੈ। ਮੰਗ ਕੀਤੀ ਗਈ ਹੈ, ਨਵੇਂ ਰਾਸ਼ਨ ਕਾਰਡ ਤੁਰੰਤ ਬਣਾਏ ਜਾਣ।

# ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਸੀਟੂ ਅਤੇ ਏਟਕ ਨੇ ਮਹਿੰਗਾਈ ਦੇ ਖਿਲ਼ਾਫ ਰੋਸ ਮਾਰਚ ਕੱਢਿਆ




ਨੰਗਲ 5 ਮਾਰਚ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਤੇ ਏਟਕ ਅਤੇ ਸੀਟੂ ਵਲੋਂ ਨੰਗਲ ਵਿਖੇ ਮਹਿੰਗਾਈ ਦੇ ਖਿਲਾਫ਼ ਰੋਸ ਮਾਰਚ ਕੱਢਿਆ ਗਿਆ। ਇਸ ਰੋਸ ਮਾਰਚ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਯੂਨੀਅਨ ਨੇਤਾਵਾਂ ਜਿਨ੍ਹਾ ਵਿੱਚ ਕਾਮਰੇਡ ਗੁਰਨਾਮ ਸਿੰਘ, ਬੰਤਾ ਸਿੰਘ, ਹਰਜੀਤ ਸਿੰਘ, ਹਰੀ ਚੰਦ, ਜਰਨੈਲ ਸਿੰਘ, ਗੁਰਨਾਮ ਸਿੰਘ, ਹੁਸਨ ਚੰਦ, ਵਿਨੋਦ ਭੱਟੀ ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜਰੂਰੀ ਵਸਤੂਆਂ ਦੀ ਕੀਮਤਾਂ ਵਿੱਚ ਕਮੀ ਲਿਆਉਂਣ ਦੇ ਲਈ ਵੰਡ ਪ੍ਰਣਾਲੀ ਵਿੱਚ ਜਿਥੇ ਸੁਧਾਰ ਕੀਤਾ ਜਾਵੇ ਉਥੇ ਮੁਨਾਫ਼ਾਖੋਰਾਂ , ਰਿਸ਼ਵਤਖੋਰਾਂ ਅਤੇ ਦਲਾਲਾਂ ਨੂੰ ਗ੍ਰਿਫਤਾਰ ਕਰਕੇ ਸਜਾਵਾਂ ਦਿੱਤੀਆਂ ਜਾਣ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਜਿਹੜੇ ਉਦਯੋਗ ਆਰਥਿਕ ਮੰਦੀ ਦੇ ਕਾਰਨ ਪ੍ਰਭਾਵਿਤ ਹੋ ਰਹੇ ਹਨ ਉਹਨਾਂ ਉਦਯੋਗਾਂ ਨੂੰ ਕੇਂਦਰ ਸਰਕਾਰ ਪੈਕਜ਼ ਦੇਵੇ ਤਾਂ ਕਿ ਮੁਲਾਜਮਾਂ ਦੀ ਸਰਵਿਸ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਇਸ ਤੋਂ ਇਲਾਵਾ ਕੇਂਦਰ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ 2008 ਵਿੱਚ ਬਣਾਏ ਗਏ ਅਸੰਗਠਤ ਮਜ਼ਦੂਰ ਸੁਰੱਖਿਆ ਕਾਨੂੰਨ ਅਨੁਸਾਰ ਇਕ ਰਾਸ਼ਟਰੀ ਕੋਸ਼ ਦਾ ਗਠਨ ਕੀਤਾ ਜਾਵੇ ਤਾਂ ਕਿ ਪ੍ਰਾਈਵੇਟ ਖੇਤਰ ਵਿੱਚ ਕੰਮ ਕਰ ਰਹੇ ਮਜ਼ਦੂਰ ਇਸ ਦਾ ਲਾਭ ਲੈ ਸਕਣ। ਆਗੂਆਂ ਨੇ ਸਰਕਾਰੀ ਖੇਤਰ ਵਿੱਚ ਠੇਕੇਦਾਰੀ ਪ੍ਰਥਾ ਨੂੰ ਖ਼ਤਮ ਕਰਕੇ ਸਰਕਾਰੀ ਤੌਰ ਤੇ ਮੁਲਾਜ਼ਮਾਂ ਦੀ ਭਰਤੀ ਕਰਨ ਦੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ।

# ਗੁਰਦੁਆਰਾ ਸਾਹਿਬ ਦੇ ਵਰਾਂਡਿਆਂ

ਮਹਿਲ ਕਲਾਂ, 5 ਮਾਰਚ (ਬਲਵਿੰਦਰ ਸਿੰਘ ਵਜੀਦਕੇ)-ਪਿੰਡ ਛੀਨੀਵਾਲ ਕਲਾਂ ਵਿਖੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵਰਾਂਡਿਆਂ ਦੀ ਕਾਰ ਸੇਵਾ ਅੱਜ ਸਮੂਹ ਸੰਗਤਾਂ ਵੱਲੋਂ ਬਾਬਾ ਬਚਨ ਸਿੰਘ ਦਿੱਲੀ ਕਾਰ ਸੇਵਾ ਵਾਲਿਆਂ ਨੂੰ ਸੌਂਪੀ ਗਈ। ਇਸ ਸ਼ੁਭ ਕਾਰਜ ਦੀ ਆਰੰਭਤਾ ਟੱਕ ਲਾ ਕੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਸੱਚਖੰਢ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਮੱਲ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤਰਿਗ ਮੈਂਬਰ ਸੰਤ ਟੇਕ ਸਿੰਘ ਧਨੌਲਾ, ਸੰਤ ਜਸਵੀਰ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਬਾਬਾ ਦਲਬਾਰ ਸਿੰਘ ਛੀਨੀਵਾਲ ਨੇ ਪੰਜ ਪਿਆਰਿਆਂ ਦੇ ਰੂਪ ਵਿੱਚ ਕੀਤੀ। ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਗੁਰਤੇਜ ਸਿੰਘ ਖੁੱਡੀ ਕਲਾਂ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਰਾਜਿੰਦਰ ਸਿੰਘ ਕਾਂਝਲਾ, ਅਕਾਲੀ ਆਗੂ ਅਜਮੇਰ ਸਿੰਘ ਮਹਿਲ ਕਲਾਂ, ਪ੍ਰਚਾਰਕ ਗੁਰਤੇਜ ਸਿੰਘ ਢੀਂਡਸਾ, ਬਾਬਾ ਬਲਵੀਰ ਸਿੰਘ ਜੰਮੂ ਕਸ਼ਮੀਰ ਨੇ ਵੀ ਕਾਰ ਸੇਵਾ ਦੀ ਸ਼ਲਾਘਾ ਕੀਤੀ। ਉੱਘੇ ਢਾਡੀ ਜਥੇ ਹਰਭਜਨ ਸਿੰਘ ਜੋਸ਼ ਦੇ ਜਥੇ ਨੇ ਢਾਡੀ ਵਾਰਾਂ ਅਤੇ ਭਾਈ ਗੁਰਮੀਤ ਸਿੰਘ ਸੱਚਖੰਡ ਹਰਿਮੰਦਰ ਸਾਹਿਬ ਦੇ ਰਾਗੀ ਜਥੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਪਹੁੰਚੀਆਂ ਧਾਰਮਿਕ ਸਖਸ਼ੀਅਤਾਂ ਵੱਖ-ਵੱਖ ਆਗੂਆਂ ਨੂੰ ਸ੍ਰੀ ਸਾਹਿਬ, ਦੁਸ਼ਾਲੇ ਭੇਟ ਕਰਕੇ ਸਨਮਾਨਿਤ ਕਰਨ ਦੀ ਰਸਮ ਅਕਾਲੀ ਆਗੂ ਬਾਬਾ ਦਲਬਾਰ ਸਿੰਘ ਛੀਨੀਵਾਲ , ਹੈੱਡ ਗ੍ਰੰਥੀ ਪ੍ਰੀਤਮ ਸਿੰਘ, ਸਰਪੰਚ ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਨਿਭਾਈ।

# ਗਵਰਨਰ ਪਾਟਿਲ ਵੱਲੋਂ ਡੀ. ਜੀ. ਪੀ. ਪਾਂਡੇ ਨੂੰ ਪੀ. ਐਚ. ਡੀ ਦੀ ਡਿਗਰੀ ਪ੍ਰਦਾਨ



ਚੰਡੀਗੜ੍ਹ, 5 ਮਾਰਚ (ਪ. ਪ.) ਪੰਜਾਬ ਦੇ ਗਵਰਨਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਚਾਂਸਲਰ ਸ੍ਰੀ ਸ਼ਿਵਰਾਜ ਪਾਟਿਲ ਨੇ ਬੀਤੇ ਦਿਨ ਯੂਨੀਵਰਸਿਟੀ ਦੀ 36ਵੀ— ਸਾਲਾਨਾਂ ਕਨਵੋਕੇਸ਼ਨ ਮੌਕੇ ਸ੍ਰੀ ਏ.ਪੀ. ਪਾਂਡੇ ਡੀ. ਜੀ. ਪੀ (ਵਿਜੀਲੈ—ਸ), ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਨੂੰ ਪੀ.ਐਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਸਾਲ 1974 ਬੈਚ ਦੇ ਆਈ.ਪੀ.ਐਸ. ਅਧਿਕਾਰੀ ਸ੍ਰੀ ਪਾਂਡੇ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਟਸ ਅਤੇ ਸੋਸ਼ਲ ਸਾਇੰਸਿਜ਼ ਵਿਗਿਆਨ ਵਿਭਾਗ (ਪੁਲਿਸ ਪ੍ਰਸ਼ਾਸ਼ਨ) ਤੋਂ "ਭ੍ਰਿਸ਼ਟਾਚਾਰ ਅਤੇ ਜਮਹੂਰੀ ਸੰਸਥਾਵਾਂ-ਇੱਕ ਵਿਸ਼ਲੇਸ਼ਕ ਅਧਿਐਨ" ਵਿਸ਼ੇ ਉਪਰ ਇਹ ਪੀ.ਐਚ.ਡੀ ਦੀ ਡਿਗਰੀ ਹਾਸਲ ਹਾਸਿਲ ਕੀਤੀ ਹੈ। ਉਨ੍ਹਾਂ ਸਾਲ 2003 ਦੌਰਾਨ ਉਕਤ ਵਿਸ਼ੇ ਤੇ ਖੋਜ਼ ਲਈ ਇਲਰੋਲਮੈਂਟ ਹਾਸਲ ਕੀਤੀ। ਜਿਕਰਯੋਗ ਹੈ ਕਿ ਪੁਲਿਸ ਵਿਭਾਗ ਦੀ ਸੇਵਾ ਕਰਨ ਤੋਂ ਪਹਿਲਾਂ ਸ੍ਰੀ ਪਾਂਡੇ ਨੇ ਅਲਾਹਾਬਾਦ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਵਿੱਚ ਐਮ.ਐਸ.ਸੀ. ਕੀਤੀ ਸੀ। ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐਮ.ਏ. (ਪੁਲਿਸ ਪ੍ਰਸ਼ਾਸਨ) ਦੀ ਡਿਗਰੀ ਪ੍ਰਾਪਤ ਕੀਤੀ। ਬਹਾਦਰੀ ਲਈ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਾਲ 1985 ਦੌਰਾਨ ਸਨਮਾਨੇ ਗਏ ਸ੍ਰੀ ਪਾਂਡੇ ਨੂੰ 1995 ਵਿੱਚ ਵੀ ਬਿਹਤਰੀਨ ਸੇਵਾਵਾਂ ਬਦਲੇ ਰਾਸ਼ਟਰਪਤੀ ਪੁਲਿਸ ਮੈਡਲ ਪ੍ਰਦਾਨ ਕੀਤਾ ਗਿਆ। ਇਸ ਤੋਂ ਪਹਿਲਾਂ ਉਹਨਾਂ ਬਤੌਰ ਡੀ.ਜੀ.ਪੀ. (ਜੇਲ੍ਹਾਂ), ਏ.ਡੀ.ਜੀ.ਪੀ. (ਪ੍ਰਸ਼ਾਸਨ) ਅਤੇ ਚੀਫ ਡਾਇਰੈਕਟਰ-ਕਮ-ਏ.ਡੀ.ਜੀ.ਪੀ ਵਿਜੀਲੈਂਸ ਬਿਊਰੋ ਪੰਜਾਬ ਵਜੋਂ ਵੀ ਬਿਹਤਰੀਨ ਸੇਵਾਵਾਂ ਨਿਭਾਈਆਂ ਹਨ।

# 11 ਦੀ ਰੈਲੀ ਵਿੱਚ ਗੜ੍ਹਸ਼ੰਕਰ ਤੋਂ ਮੁਲਾਜ਼ਮ ਵੱਡੀ ਗਿਣਤੀ ਵਿੱਚ ਪਹੁੰਚਣਗੇ

ਗੜ੍ਹਸ਼ੰਕਰ, 5 ਮਾਰਚ (ਤਰਲੋਕ ਸਿੰਘ)-ਪ.ਸ.ਸ.ਫ. ਬਲਾਕ ਗੜ੍ਹਸ਼ੰਕਰ ਦੀ ਇੱਕ ਮੀਟਿੰਗ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਬਾਰੇ ਵਿਚਾਰਾਂ ਹੋਈਆਂ ਅਤੇ ਮੁਲਾਜ਼ਮਾਂ ਦੇ ਹੱਕਾਂ ਲਈ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਫੈਸਲਾ ਕੀਤਾ ਗਿਆ। ਪੰਜਾਬ ਮੁਲਾਜ਼ਮ ਸੰਘਰਸ਼ ਕਮੇਟੀ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨਾ ਮੰਨੇ ਜਾਣ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ 10 ਮਾਰਚ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਰੈਲੀ ਵਿੱਚ ਗੜ੍ਹਸ਼ੰਕਰ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਪੁੱਜਣਗੇ। ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਜਿਵੇਂ ਪੇ-ਕਮਿਸ਼ਨ ਦੀ ਰਿਪੋਰਟ ਸੋਧ ਕੇ ਲਾਗੂ ਕਰਨਾ ਅਤੇ ਲਾਗੂ ਕੀਤੀ ਹੋਈ ਰਿਪੋਰਟ ਦਾ 2006 ਤੋਂ ਬਣਦਾ ਬਕਾਇਆ ਦੇਣਾ। ਪ੍ਰਮੋਸ਼ਨ ਚੈਨਲ ਲਾਗੂ ਕਰਨਾ ਅਤੇ 20-20 ਸਾਲਾਂ ਤੋਂ ਦਿਹਾੜੀਦਾਰ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ ਆਦਿ ਤੋਂ ਇਲਾਵਾ ਹੋਰ ਵੀ ਹੱਕੀ ਮੰਗਾਂ ਮੰਨਵਾਉਣ ਲਈ ਹਰ ਸੰਘਰਸ਼ ਵਿੱਚ ਜਥੇਬੰਦੀ ਪੂਰਾ ਸਹਿਯੋਗ ਦੇਵੇਗੀ। ਇਹ ਜਾਣਕਾਰੀ ਸੁੱਚਾ ਸਿੰਘ ਜਨਰਲ ਸਕੱਤਰ ਪ.ਸ.ਸ.ਫ. ਗੜ੍ਹਸ਼ੰਕਰ ਨੇ ਪ੍ਰੈੱਸ ਨੂੰ ਦਿੱਤੀ। ਸਤੀਸ਼ ਰਾਣਾ ਜ਼ਿਲ੍ਹਾ ਪ੍ਰਧਾਨ ਤੋਂ ਇਲਾਵਾ ਇਸ ਮੌਕੇ 'ਤੇ ਜੀਤ ਸਿੰਘ ਬਗਵਾਈ, ਸ਼ਿੰਗਾਰਾ ਸਿੰਘ, ਗੁਰਨਾਮ ਸਿੰਘ, ਮੱਖਣ ਲੰਗੇਰੀ, ਮੀਨਾ ਰਾਣੀ ਅਤੇ ਪਵਨ ਕੁਮਾਰ ਆਦਿ ਆਗੂ ਸ਼ਾਮਿਲ ਹੋਏ।

# ਵਿਰਕ ਨੂੰ ਮਾਰਕੀਟ ਕਮੇਟੀ ਦੇ ਚੇਅਰਮੈਨ ਬਣਨ 'ਤੇ ਸਨਮਾਨ



ਭਦੌੜ, 5 ਮਾਰਚ (ਰਾਕੇਸ਼ ਗਰਗ ਰੌਕੀ) ਚੇਅਰਮੈਨ ਭੋਲਾ ਸਿੰਘ ਵਿਰਕ ਦੇ ਮਾਰਕੀਟ ਕਮੇਟੀ ਭਦੌੜ ਦੇ ਚੇਅਰਮੈਨ ਨਿਯੁਕਤ ਹੋਣ ਦੀ ਖੁਸ਼ੀ ਵਿੱਚ ਸਥਾਨਕ ਕਸਬੇ ਅੰਦਰ ਨਗਰ ਕੌਂਸਲ ਦੇ ਮੀਤ ਪ੍ਰਧਾਨ ਸਤਨਾਮ ਸਿੰਘ ਸੱਤਾ ਅਤੇ ਨਗਰ ਨਿਵਾਸੀਆਂ ਵੱਲੋਂ ਸ. ਵਿਰਕ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਚੇਅਰਮੈਨ ਭੋਲਾ ਸਿੰਘ ਵਿਰਕ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਸਮੁੱਚੀ ਲੀਡਰਸ਼ਿੱਪ ਅਤੇ ਸ. ਢੀਂਡਸਾ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਨਿਮਾਣੇ ਨੂੰ ਇਸ ਉੱਚ ਅਹੁੱਦੇ ਨਾਲ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਮੈਂ ਇੱਥੋਂ ਦਾ ਜਮਪਲ ਹਾਂ ਅਤੇ ਇੱਥੋਂ ਦੇ ਲੋਕਾਂ ਦੇ ਕੰਮ ਕਰਵਾ ਕੇ ਮੈਨੂੰ ਖੁਸ਼ੀ ਹੁੰਦੀ ਹੈ ਅਤੇ ਮੈਂ ਵਾਅਦਾ ਕਰਦਾ ਹਾਂ ਕਿ ਮਾਰਕੀਟ ਕਮੇਟੀ ਦੀ ਹੱਦ ਅੰਦਰ ਆਉਂਦੇ ਇਲਾਕੇ ਕਿਸੇ ਵੀ ਇਨਸਾਨ ਨੂੰ ਕੋਈ ਮੁਸ਼ਕਲ ਨਹੀਂ ਆਉਣ ਦੇਵਾਂਗਾ। ਉਨ੍ਹਾਂ ਮੀਤ ਪ੍ਰਧਾਨ ਸਤਨਾਮ ਸੱਤਾ ਅਤੇ ਸਮੂਹ ਕਸਬਾ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਵਾਰਡ ਨੰ. 1 ਦੀ ਬਣਨ ਵਾਲੀ ਸੜਕ ਨੂੰ ਪਹਿਲ ਦੇ ਆਧਾਰ 'ਤੇ ਬਣਾਵਾਗਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਰਨਲ ਕੌਂਸਲ ਮੈਂਬਰ ਡਾ. ਦਲਜੀਤ ਸਿੰਘ ਲੀਜਾ, ਮੀਤ ਪ੍ਰਧਾਨ ਸਤਨਾਮ ਸੱਤਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸ੍ਰੋਮਣੀ ਕਮੇਟੀ ਮੈਂਬਰ ਅਮਰ ਸਿੰਘ ਬੀ. ਏ. ਗੁਰਪਾਲ ਸਿੰਘ ਢੁੱਡੀਕੇ, ਮਲਕੀਤ ਸਿੰਘ ਗਿੱਲ, ਪਿਆਰਾ ਹਲਵਾਈ, ਹੁਕਮ ਸਿੰਘ, ਅਮਰਜੀਤ ਚੇਲਾ, ਲਾਭ ਸਿੰਘ, ਚਰਨਜੀਤ ਕੌਰ, ਨਸੀਬ ਕੌਰ (ਸਾਰੇ ਕੌਂਸਲਰ) ਸੁਰਿੰਦਰ ਪਾਲ ਸਾਬਕਾ ਪ੍ਰਧਾਨ ਆੜ੍ਹਤੀਆ, ਡਾ. ਅਵਤਾਰ ਸਿੰਘ ਗਿੱਲ, ਡਾ. ਹਰੀ ਸਿੰਘ ਕਾਗਜ਼ ਵਾਲੇ, ਥਾਣਾ ਭੌਦੜ ਦੇ ਐਸ. ਐਸ. ਓ. ਸੁਮਿਤ ਸੂਦ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਲੋਕ ਹਾਜਰ ਸਨ।

# ਭਾਈ ਜੋਗਾ ਸਿੰਘ ਵਿਆਹ ਪੁਰਬ 14 ਨੂੰ

ਹੁਸ਼ਿਆਰਪੁਰ, 5 ਮਾਰਚ (ਕੁਲਦੀਪ ਸਿੰਘ ਪੱਟੀ)-ਭਾਈ ਜੋਗਾ ਸਿੰਘ ਇਤਿਹਾਸਕ ਗੁਰਦੁਆਰਾ ਮੁਹੱਲਾ ਸ਼ੇਖਾ ਹੁਸ਼ਿਆਰਪੁਰ ਵਿਖੇ 14 ਮਾਰਚ ਨੂੰ ਭਾਈ ਜੋਗਾ ਸਿੰਘ ਦੇ ਵਿਆਹ ਸੰਬੰਧੀ ਧਾਰਮਿਕ ਸਮਾਰੋਹ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪ੍ਰਬੰਧਕ ਸ੍ਰ. ਹੁੰਦਲ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸੱਜਣਗੇ। ਕੀਰਤਨ ਜਥੇ ਕੀਰਤਨ ਤੇ ਢਾਡੀ ਵਾਰਾ ਸੁਣਾ ਕੇ ਭਾਈ ਜੋਗੇ ਦਾ ਇਤਿਹਾਸ ਮਨਾਉਣਗੇ।

# ਪੋਲ ਸਟਾਰ ਪਬਲਿਕ ਸਕੂਲ ਨੇ 10ਵਾਂ ਸਾਲਾਨਾ ਨਤੀਜਾ ਐਲਾਨਿਆ

ਨਵਾਂ ਸ਼ਹਿਰ, 5 ਮਾਰਚ (ਗੁਰਜੀਤ ਸਿੰਘ)-ਪੋਲ ਸਟਾਰ ਪਬਲਿਕ ਸਕੂਲ ਨਿਊ ਟੀਚਰ ਕਾਲੋਨੀ ਨਵਾਂ ਸ਼ਹਿਰ ਦੇ ਪ੍ਰਿੰਸੀਪਲ ਸ੍ਰੀਮਤੀ ਪ੍ਰਵੀਨ ਕੌਰ ਅਤੇ ਡਾਇਰੈਕਟਰ ਸ੍ਰੀ ਰੇਸ਼ਮ ਸਿੰਘ ਨੇ ਸਾਂਝੇ ਤੌਰ 'ਤੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਕਤ ਸਕੂਲ ਦਾ 10ਵਾਂ ਨਰਸਰੀ ਤੋਂ ਚੌਥੀ ਅਤੇ 6ਵੀਂ, 7ਵੀਂ ਅਤੇ 9ਵੀਂ ਕਲਾਸ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ। ਇਸ ਸੰਬੰਧੀ ਪ੍ਰਿੰਸੀਪਲ ਸ੍ਰੀਮਤੀ ਪ੍ਰਵੀਨ ਕੌਰ ਨੇ ਦੱਸਿਆ ਕਿ ਸਭ ਕਲਾਸਾਂ ਦੇ ਸਾਰੇ ਬੱਚੇ ਪਾਸ ਹੋਏ ਹਨ ਅਤੇ ਸਾਡੇ ਸਕੂਲ ਦਾ ਰਿਜ਼ਲਟ 100 ਪ੍ਰਤੀਸ਼ਤ ਆਇਆ ਹੈ। ਪ੍ਰਿੰਸੀਪਲ ਸ੍ਰੀਮਤੀ ਪ੍ਰਵੀਨ ਕੌਰ ਨੇ ਸਕੂਲ ਦੇ ਬੱਚਿਆਂ ਤੇ ਸਕੂਲ ਦੇ ਮਿਹਨਤੀ ਸਟਾਫ ਅਤੇ ਬੱਚਿਆਂ ਦਾ ਨਤੀਜਾ ਸੁਣਨ ਆਏ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮਾਪਿਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਵਿਦਿਆ ਹਾਸਲ ਕਰਵਾਈਏ, ਉਨ੍ਹਾਂ ਇਸ ਕਾਰਗੁਜ਼ਾਰੀ ਲਈ ਸਭ ਨੂੰ ਵਧਾਈ ਦਿੱਤੀ ਅਤੇ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ। ਇਸ ਦਾ ਸਿਹਰਾ ਇਸ ਸਕੂਲ ਦੇ ਮਿਹਨਤੀ ਸਟਾਫ 'ਤੇ ਹੈ।



ਗੋਨਿਆਣਾ ਮੰਡੀ ਦੇ ਭਾਈ ਆਸ਼ਾ ਸਿੰਘ ਗਰਲਜ ਕਾਲਜ ਵਿਖੇ ਕਰਵਾਏ ਗਏ ਅੰਤਰ ਕਾਲਜ ਭਾਸ਼ਣ ਪ੍ਰਤੀ ਯੋਗਤਾ, ਫੈਂਸੀ ਡਰੈੱਸ ਅਤੇ ਅੰਤਰ ਕਾਲਜ ਕਵੀਤਾ ਉਚਾਰਣ ਪ੍ਰਤੀ ਯੋਗਤਾ ਵਿੱਚ ਭਾਗ ਸਮੇਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਮਹੰਤ ਕਾਹਨ ਸਿੰਘ। ਫੋਟੋ ਵਨੀਤ ਬਾਂਸਲ

# ਗੁਰੂ ਨਾਨਕ ਟੈਕਸੀ ਸਟੈਂਡ ਯੂਨੀਅਨ ਵੱਲੋਂ 23 ਵੇਂ ਅਖੰਡ ਪਾਠ ਦਾ ਭੋਗ ਪਾਇਆ ਗਿਆ



ਖਰੜ, 5 ਮਾਰਚ (ਪ.ਪ.) ਬੀ.ਡੀ.ਓ ਦਫਤਰ ਦੇ ਨਜਦੀਕ ਗੁਰੂ ਨਾਨਕ ਟੈਕਸੀ ਸਟੈਂਡ ਯੂਨੀਅਨ ਵੱਲੋਂ ਬੀ. ਡੀ.ਓ ਦਫਤਰ ਦੇ ਮੁਲਾਜ਼ਮਾਂ ਅਤੇ ਨਜਦੀਕੀ ਮਾਰਕੀਟ ਦੇ ਦੁਕਾਨਦਾਰਾਂ ਦੇ ਸਹਿਯੋਗ ਨਾਲ ਸਰਬਤ ਦੇ ਭਲੇ ਲਈ 23 ਵੇਂ ਅੰਖਡ ਪਾਠ ਦਾ ਭੋਗ ਪੁਆਇਆ ਗਿਆ। ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਗਿਆਨੀ ਧਿਆਨ ਸਿੰਘ ਭੁੱਝੀ ਵਾਲਿਆ ਦੇ ਕਵੀਸਰੀ ਜੱਥੇ ਨੇ ਆਪਣੀ ਵਾਰਾਂ ਪੇਸ਼ ਕੀਤੀਆਂ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਬੀਬੀ ਸਤਵੰਤ ਕੌਰ ਸੰਧੂ ਸਾਬਕਾ ਮੰਤਰੀ ਪੰਜਾਬ, ਰਾਜਬੀਰ ਸਿੰਘ ਪਡਿਆਲਾ ਸੀਨੀ. ਕਾਂਗਰਸੀ ਆਗੂ, ਉਜਾਗਰ ਸਿੰਘ ਬਡਾਲੀ ਵਿਧਾਇਕ ਦੇ ਦਾਮਾਦ, ਸਾਹਿਬ ਸਿੰਘ ਬਡਾਲੀ ਨੇ ਵੀ ਆਪਣੀ ਹਾਜਰੀ ਲਗਾਈ। ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਦੇ ਚੇਅਰਮੈਨ ਹਰਨੇਕ ਸਿੰਘ ਘੜੂੰਆਂ, ਸੁਰਮੁਖ ਸਿੰਘ ਪ੍ਰਧਾਨ ਟੈਕਸੀ ਯੂਨੀਅਨ, ਨਿਰਮਲ ਸਿੰਘ ਪੰਚਾਇਤ ਸਕੱਤਰ ਅਤੇ ਹੋਰ ਸਾਰੇ ਆਗੂ ਮੌਜੂਦ ਸਨ।

# ਘਰ ਦੇ ਮੀਟਰ ਤੇ 650 ਰੁਪਏ ਦੀ ਬਿਜਾਏ 1400 ਰੁਪਏ ਵਸੂਲੇ ਜਾਂਦੇ ਹਨ : ਉਗਰਾਹਾਂ

ਜ਼ੀਰਾ, 5 ਮਾਰਚ (ਤਰਸੇਮ / ਰਾਜ਼ ਧਮੀਜ਼ਾ) ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਇੱਕ ਅਹਿਮ ਮੀਟਿੰਗ ਜ਼ੀਰਾ ਦੇ ਪ੍ਰਧਾਨ ਅਤੇ ਡੇਲੀਗੇਟ ਪੰਜਾਬ ਭਾਗ ਸਿੰਘ ਮਰਖਾਈ ਦੀ ਪ੍ਰਧਾਨਗੀ ਹੇਠ ਜ਼ੀਰਾ ਵਿਖੇ ਹੋਈ । ਇਸ ਮੀਟਿੰਗ ਨੂੰ ਸੰਬੋਧਨ ਕਰਦਿਆ ਸ੍ਰ. ਮਰਖਾਈ ਨੇ ਕਿਹਾ ਕਿ ਘਰ ਦਾ ਬਿਜ਼ਲੀ ਵਾਲਾ ਮੀਟਰ 1400 ਰੁਪਏ ਵਿੱਚ ਵੇਚ ਰਹੇ ਹਨ ਤੇ ਰਸੀਦ 650 ਦੀ ਦੇ ਰਹੇ ਹਨ । ਇਹ ਮੀਟਿਰ ਪ੍ਰਾਇਵੇਟ ਸਰਾਫ ਕੰਪਨੀਆ ਰਾਮੂਪਰਾ ਅਤੇ ਮਹਾਂਸਕਤੀ ਬਠਿੰਡਾਂ ਕੰਪਨੀਆ ਦੇ ਬਣੇ ਹੋਏ ਹਨ । ਇਹ ਜੋ ਕਿ ਜਨਤਾ ਨਾਲ ਸ਼ਰੇਆਮ ਧੱਕਾ ਹੋ ਰਿਹਾ ਹੈ। ਇਹ ਕਿ ਬਿਜ਼ਲੀ ਮਹਿਕਮੇ ਵਾਲੇ ਐਸ.ਸੀ ਫਿਰੋਜਪੁਰ ਅਤੇ ਚੀਫ ਬਠਿੰਡਾ ਪਾਸੋ ਜੋਰਦਾਰ ਮੰਗ ਕੀਤੀ ਜਾਂਦੀ ਹੈ। ਇਹ ਮੀਟਰ ਪ੍ਰਾਇਵੇਟ ਦੁਕਾਨਾਂ ਦੀ ਬਜਾਏ ਸਰਕਾਰ ਦਫਤਰ ਵਿੱਚ ਬਿਜ਼ਲੀ ਮਹਿਕਮੇ ਤੋ ਹੀ ਮਿਲਣੇ ਚਾਹੀਦੇ ਹਨ ਇਸ ਮੌਕੇ ਤੇਜ਼ਾ ਸਿੰਘ ਵਿੱਤ ਸਕੱਤਰ ਮੇਲਾ ਸਿੰਘ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਸਕੱਤਰ ਬਲੌਰ ਸਿੰਘ ਮੀਤ ਪ੍ਰਧਾਨ , ਠਾਣਾ ਸਿੰਘ ਮੀਤ ਪ੍ਰਧਾਨ , ਕਸ਼ਮੀਰ ਸਿੰਘ ਸਾਬਕਾ ਸਰਪੰਚ ਚੌਹਲਾ , ਜਸਵੰਤ ਸਿੰਘ ਸਿੰਘ ਇਕਾਈ ਮੀਤ ਪ੍ਰਧਾਨ , ਬਲਵਿੰਦਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

# ਜ਼ਿਲ੍ਹੇ ਵਿੱਚ 7, 8, ਅਤੇ 9 ਮਾਰਚ ਨੂੰ 3 ਰੋਜ਼ਾ ਪਲਸ ਪੋਲੀਓ ਮੁਹਿੰਮ ਲਈ ਮੀਟਿੰਗ ਆਯੋਜਿਤ



ਫੋਟੋ ਕੁਲਦੀਪ ਸਿੰਘ

ਜਲੰਧਰ, 5 ਮਾਰਚ (ਸਰਬਜੀਤ ਵਾਲੀਆ) ਜ਼ਿਲ੍ਹੇ ਵਿੱਚ 7, 8, ਅਤੇ 9 ਮਾਰਚ ਨੂੰ 3 ਰੋਜ਼ਾ ਪਲੱਸ ਪੋਲੀਓ ਮੁਹਿੰਮ ਜ਼ਿਲ੍ਹੇ ਦੇ 2,93,904 ਬੱਚਿਆਂ ਨੂੰ ਘਰ ਘਰ ਜਾ ਕੇ ਪੋਲੀਓ ਦੀ ਦਿਵਾਈ ਪਿਲਾਉਣ ਵਾਸਤੇ 5766 ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਜਿਨ੍ਹਾਂ ਵਿੱਚ ਸਿਹਤ ਵਿਭਾਗ, ਆਂਗਨਵਾੜੀ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ। ਇਹ ਜਾਣਕਾਰੀ ਸ੍ਰੀਮਤੀ ਸ਼ਰੋਜਨੀ ਗੌਤਮ ਸ਼ਾਰਦਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਲੰਧਰ ਨੇ ਇੱਥੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਸੁਸਾਇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਪੋਲੀਓ ਖਿਲਾਫ ਸ਼ੁਰੂ ਕੀਤੇ ਗਏ ਅਭਿਆਨ ਇਸ ਵਾਰ ਬੱਚਿਆਂ ਨੂੰ ਕੈਂਪ ਲਗਾ ਕੇ ਦਵਾਈ ਨਹੀਂ ਪਿਲਾਈ ਜਾਵੇਗੀ ਬਲਕਿ ਨਿਯੁਕਤ ਕੀਤੀਆਂ ਟੀਮਾਂ ਵੱਲੋਂ ਬੱਚਿਆਂ ਨੂੰ ਘਰ-ਘਰ ਜਾ ਕੇ ਪੋਲੀਓ ਦਵਾਈ ਪਲਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਸਰਕਾਰੀ ਹਸਪਤਾਲਾਂ ਵਿੱਚ ਸਟਾਫ ਦੀ ਘਾਟ ਨੂੰ ਪੰਜਾਬ ਸਰਕਾਰ ਵੱਲੋਂ ਜਲਦੀ ਪੂਰਾ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਸਟਾਫ਼ ਨਰਸਾਂ ਦੀ ਭਰਤੀ ਦਾ ਕੰਮ ਪੂਰਾ ਕਰ ਲਿਆ ਗਿਆ ਹੈ ਅਤੇ ਵੇਟਿੰਗ ਲਿਸਟ ਵਿੱਚ 15 ਹੋਰ ਸਟਾਫ਼ ਨਰਸਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਵਿੱਚ ਨਸਬੰਦੀ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਜ਼ਿਲ੍ਹੇ ਵਿੱਚ 3 ਐਨ. ਐਸ. ਵੀ. ਕੈਂਪ. 16 ਮਾਰਚ 2010 ਤੱਕ ਲਗਾਏ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਸਿਹਤ ਐਕਸ਼ਨ ਪਲਾਨ 2010-11 ਦੀ ਮੁੱਢਲੀ ਕਾਪੀ ਤਿਆਰ ਕਰਕੇ ਪ੍ਰਵਾਨਗੀ ਲਈ ਸਰਕਾਰ ਨੂੰ ਭੇਜ ਦਿੱਤੀ ਗਈ ਹੈ ਅਤੇ ਹੈੱਡਕੁਆਟਰ ਤੋਂ ਪ੍ਰਵਾਨਗੀ ਮਿਲਣ ਉਪਰੰਤ ਜ਼ਿਲ੍ਹਾ ਸਿਹਤ ਸੁਸਾਇਟੀ ਵੱਲੋਂ ਮੰਨਜ਼ੂਰੀ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਮਾਦਾ ਭਰੂਣ ਹੱਤਿਆ ਨੂੰ ਰੋਕਣ ਵਾਸਤੇ ਜ਼ਿਲ੍ਹੇ ਵਿੱਚ ਪੀ. ਐਨ. ਡੀ. ਟੀ. ਐਕਟ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਲਿੰਗ ਨਿਰਧਾਰਨ ਟੈਸਟ ਕਰਵਾਉਣ ਨੂੰ ਰੋਕਣ ਵਾਸਤੇ ਸਕੈਨਿੰਗ ਸੈਂਟਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਦਾ ਭੂਰਣ ਹੱਤਿਆ ਕਰਨ ਵਾਲੇ ਹਸਪਤਾਲ ਦੀ ਸੂਚਨਾ ਸਿਹਤ ਵਿਭਾਗ ਜਾਂ ਸਿਵਲ ਪ੍ਰਸ਼ਾਸਨ ਨੂੰ ਦੇਣ ਜਾਂ ਸਟਿੰਗ ਅਪ੍ਰੇਸ਼ਨ ਕਰਵਾਉਣ ਵਾਲੇ ਵਿਅਕਤੀਆਂ ਨੂੰ 50 ਹਜਾਰ ਰੁਪਏ, ਸੂਚਨਾ ਦੇਣ ਵਾਲੇ ਨੂੰ 20 ਹਜਾਰ ਰੁਪਏ, ਨਕਲੀ ਮਰੀਜ ਬਣਨ ਵਾਲੇ ਨੂੰ 10 ਹਜਾਰ ਰੁਪਏ ਦੀ ਰਾਸ਼ੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਠੇਕੇ ਤੇ ਰੱਖੇ ਗਏ ਕਰਮਚਾਰੀਆਂ ਦੇ ਕਾਰਜਕਾਲ ਵਿੱਚ ਵਾਧਾ ਕਰਨ ਵਾਸਤੇ ਜ਼ਿਲ੍ਹਾ ਸਿਹਤ ਸੁਸਾਇਟੀ ਵੱਲੋਂ ਕਮਰਚਾਰੀਆਂ ਦੀ ਕਾਰੁਜਗਾਰੀ ਨੂੰ ਵੇਖ ਕੇ ਉਨ੍ਹਾਂ ਦੇ ਕਾਰਜ ਕਾਲ ਵਿੱਚ ਵਾਧਾ ਕਰਨ ਦੀ ਸ਼ਿਫਾਰਸ਼ ਕੀਤੀ ਜਾਵੇਗੀ। ਇਸ ਮੌਕੇ ਤੇ ਸ. ਐਸ. ਐਸ. ਵਾਲੀਆ ਸਿਵਲ ਸਰਜਨ, ਸ. ਅਵਤਾਰ ਸਿੰਘ ਭੁੱਲਰ, ਡੀ. ਡੀ. ਪੀ. ਓ., ਡਾ. ਮਨਿੰਦਰ ਕੌਰ ਮਿਨਹਾਸ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਗੀਟਾ, ਸ੍ਰੀ ਸੁਰਿੰਦਰ ਸੈਣੀ ਸਮਾਜ ਸੇਵੀ ਅਤੇ ਹੋਰ ਅਧਿਕਾਰੀ ਹਾਜਰ ਸਨ।

# ਸੁੱਜੋ 'ਚ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ 7 ਨੂੰ

ਬੈਂਗਾ, 5 ਮਾਰਚ (ਰਾਜ ਮਜਾਰੀ)-ਗੁਰਮੀਤ ਆਈ ਕੇਅਰ ਟਰੱਸਟ ਯੂ.ਕੇ. ਵੱਲੋਂ ਸਮਾਜ ਭਲਾਈ ਸਵੈ-ਸੇਵੀ ਸੰਸਥਾ ਸੁੱਜੋ ਦੇ ਸਹਿਯੋਗ ਨਾਲ ਸਵਰਗੀ ਦਿਲਬਾਗ ਸਿੰਘ ਅਤੇ ਸਵਰਗੀ ਮਹਿੰਦਰ ਸਿੰਘ ਗਹੂਣੀਆ ਦੀ ਯਾਦ ਨੂੰ ਸਮਰਪਿਤ 12ਵਾਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ ਦਿਲਬਾਗ ਸਿੰਘ ਮੈਮੋਰੀਅਲ ਸਰਕਾਰੀ ਹਸਪਤਾਲ ਸੁੱਜੋ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਜਨਰਲ ਸਕੱਤਰ ਮਾਸਟਰ ਜਸਵੀਰ ਸਿੰਘ ਜੱਸੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੈਂਪ ਦੌਰਾਨ 7 ਮਾਰਚ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਦੇ ਡਾ. ਕਪਲਮੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਅੱਖਾਂ ਦਾ ਚੈੱਕਅੱਪ ਕਰਨਗੇ ਅਤੇ 8 ਮਾਰਚ ਨੂੰ ਜਲੰਧਰ ਹਸਪਤਾਲ 'ਚ ਅਪ੍ਰੇਸ਼ਨ ਕੀਤੇ ਜਾਣਗੇ।

# ਦੇਸ਼ ਦੀ ਅਜ਼ਾਦੀ ਦੇ 63ਸਾਲ ਬਾਅਦ ਵੀ ਹੱਥ ਰੇੜੀ ਖਿੱਚਣ ਨੂੰ ਮਜ਼ਬੂਰ ਹਨ ਭਾਖੜਾ ਡੈਮ ਦੇ ਕਰਮਚਾਰੀ



ਨੰਗਲ 5 ਮਾਰਚ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਿਜਲੀ ਅਤੇ ਪਾਣੀ ਤੋਂ ਲਗਭਗ 1400 ਕਰੋੜ ਰੁਪਇਆ ਸਲਾਨਾ ਕਮਾਈ ਕਰਦੀ ਹੈ ਪਰ ਇਸ ਦੇ ਬਾਵਜੂਦ ਭਾਖੜਾ ਡੈਮ ਪ੍ਰਸ਼ਾਸਨ ਦੇਸ਼ ਦੀ ਅਜ਼ਾਦੀ ਦੇ 63ਸਾਲ ਬੀਤ ਜਾਣ ਦੇ ਬਾਅਦ ਵੀ ਟਾਉਂਨ ਸ਼ਿਪ ਵਿੱਚ ਕੰਮ ਕਰਦੇ ਕਰਮਚਾਰੀਆਂ ਕੋਲੋ ਹੱਥ ਰੇੜੀ ਖਿਚਾ ਕੇ ਕਰਮਚਾਰੀਆਂ ਕੋਲੋ ਕੰਮ ਲੈ ਰਹੀ ਹੈ। ਨੰਗਲ ਟਾਉਨ ਸ਼ਿਪ ਵਿੱਚ ਕੰਮ ਕਰਦੇ ਇਹਨਾ ਕਰਮਚਾਰੀਆਂ ਨੂੰ ਟਾਉਨ ਸ਼ਿਪ ਦੇ ਮਕਾਨਾ ਦੀ ਮੁਰੰਮਤ ਕਰਨ ਲਈ ਬਜਰੀ, ਸੀਮੈਂਟ, ਰੇਤਾ, ਲੱਕੜੀ ਅਤੇ ਲੋਹੇ ਦਾ ਸਮਾਨ ਹੱਥ ਰੇੜੀਆਂ ਦੁਆਰਾ ਲੈ ਕੇ ਜਾਣਾ ਆਉਂਣਾ ਪੈਂਦਾ ਹੈ। ਬੀ.ਬੀ.ਐਮ.ਬੀ. ਕਰਮਚਾਰੀ ਸੰਘ ਦੇ ਸਾਬਕਾ ਪ੍ਰਧਾਨ ਅਤੇ ਮੁੱਖ ਸਲਾਹਕਾਰ ਅਤੇ ਸੀਨੀਅਰ ਮੀਤ ਪ੍ਰਧਾਨ ਤਿਲਕ ਬਾਲੀ ਨੇ ਚੇਅਰਮੈਨ ਬੀ.ਬੀ.ਐਮ.ਬੀ ਅਤੇ ਮੁੱਖ ਇੰਜੀਨੀਅਰ ਭਾਖੜਾ ਡੈਮ ਤੋਂ ਮੰਗ ਕੀਤੀ ਹੈ ਕਿ ਕਰਮਚਾਰੀਆਂ ਕੋਲੋ ਹੱਥ ਰੇੜੀ ਖਿਚਾ ਕੇ ਕੰਮ ਲੈਣ ਦੀ ਬਜਾਏ ਟਾਉਂਨ ਸ਼ਿਪ ਦੇ ਮਕਾਨਾ ਦੀ ਮੁਰੰਮਤ ਦੇ ਲਈ ਭਾਖੜਾ ਡੈਮ ਦੀ ਟਰਾਂਸਪੋਟ ਦੇ ਵਾਹਨਾਂ ਨੂੰ ਇਸਤੇਮਾਲ ਦੇ ਲਈ ਵਰਤਿਆ ਜਾਏ ਅਤੇ ਕਰਮਚਾਰੀਆਂ ਤੋਂ ਜਾਨਵਰਾਂ ਦੀ ਤਰ੍ਹਾ ਹੱਥ ਰੇੜੀ ਖਿਚਾ ਕੇ ਕੰਮ ਲੈਣਾ ਬੰਦ ਕੀਤਾ ਜਾਵੇ।